# ਪਬਲਿਕ ਨੋਟਿਸ

ਸਿੱਖਿਆ ਵਿਭਾਗ ਪੰਜਾਬ ਦੇ ਹੁਕਮ ਨੰ: 2/1-2017 ਅ4(5) ਮਿਤੀ 13-07-2018 ਅਤੇ ਇਸ ਦੀ ਲਗਾਤਾਰਤਾ ਵਿੱਚ ਹੁਕਮਾਂ ਰਾਹੀਂ ਪ੍ਰਾਇਮਰੀ ਟੀਚਰ ਤੋਂ ਮਾਸਟਰ ਕਾਡਰ ਦੇ ਮੈਥ, ਹਿੰਦੀ, ਇੰਗਲਿਸ਼, ਸਾਇੰਸ ਅਤੇ ਸੋਸ਼ਲ ਸਾਇੰਸ ਵਿਸ਼ਿਆਂ ਵਿਚ ਤਰੱਕੀਆਂ ਕੀਤੀਆਂ ਗਈਆਂ ਹਨ। ਪੱਦ ਉਨਤ ਹੋਏ ਅਧਿਆਪਕਾਂ ਨੂੰ ਮਿਤੀ 24-07-18, ਮਿਤੀ 25-07-18, ਮਿਤੀ 02-08-2018 ਅਤੇ ਮਿਤੀ 16-8-2018 ਨੂੰ ਸਟੇਸਨ ਅਲਾਟਮੈਂਟ ਕੀਤੀ ਗਈ ਸੀ। ਇਹ ਵੇਖਣ ਵਿੱਚ ਆਇਆ ਹੈ ਕਿ ਕੁਝ ਅਧਿਆਪਕ ਵਾਜਿਬ ਅਤੇ ਢੁਕਵੇਂ ਸਟੇਸਨ ਦੀ ਤਾਕ ਵਿੱਚ ਜਾਂ ਤਾਂ ਸਟੇਸਨ ਅਲਾਟਮੈਂਟ ਪ੍ਰੀਕ੍ਰਿਆ ਵਿੱਚ ਹਾਜਰ ਨਹੀਂ ਹੋਏ ਜਾਂ ਅਲਾਟ ਕੀਤੇ ਸਟੇਸਨ ਤੇ ਹਾਜਰ ਨਹੀਂ ਹੋਏ। ਇਸ ਨਾਲ ਤਰੱਕੀ ਦੀ ਪ੍ਰੀਕ੍ਰਿਆ ਮੁਕੰਮਲ ਕਰਨ ਵਿੱਚ ਦੇਰੀ ਹੋ ਰਹੀ ਹੈ। ਇਸ ਸਥਿਤੀ ਸਨਮੁਖ ਵਿਭਾਗ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਉਕਤ ਸਟੇਸ਼ਨ ਅਲਾਟਮੈਂਟ ਸਮੇਂ ਉਹ ਸਾਰੇ ਪੱਦ ਉਨਤ ਅਧਿਆਪਕ ਜੋ ਕਿਸੇ ਕਾਰਨ ਕਰਕੇ ਹਾਜਰ ਨਹੀਂ ਹੋ ਸਕੇ ਜਾਂ ਹਾਜਰ ਹੋਣ ਉਪਰੰਤ ਵੀ ਉਨ੍ਹਾਂ ਨੇ ਸਟੇਸ਼ਨ ਚੋਣ ਨਹੀਂ ਕੀਤੀ, ਉਨ੍ਹਾਂ ਨੂੰ ਵੀ ਸਟੇਸ਼ਨ ਅਲਾਟਮੈਟ ਮਿਤੀ 30-08-2018 ਦਾ ਆਖਰੀ ਮੋਕਾ ਦਿੱਤਾ ਜਾਂਦਾ ਹੈ।

ਇਸ ਤੋਂ ਇਲਾਵਾ ਉਕਤ ਅਨੁਸਾਰ ਪਦ-ਉਨਤ ਕੀਤੇ ਗਏ ਉਹ ਸਾਰੇ ਰਹਿ ਗਏ ਅਧਿਆਪਕ ਜੋ ਆਸਾਮੀ ਸਰਪਲਸ ਜਾਂ ਸਟੇਸਨ ਖਾਲੀ ਨਾ ਹੋਣ ਕਾਰਨ ਅਲਾਟ ਕੀਤੇ ਸਟੇਸਨ ਤੇ ਹਾਜਰ ਨਹੀਂ ਹੋ ਸਕੇ, ਉਨ੍ਹਾਂ ਨੂੰ ਵੀ ਨਿਮਨ ਲਿਖਤ ਅਨੁਸਾਰ ਸਟੇਸਨ ਅਲਾਟਮੈਂਟ ਸਬੰਧੀ ਦਰਸਾਏ ਗਏ ਸਮਾਂ ਅਤੇ ਸਥਾਨ ਤੇ ਹਾਜਰ ਹੋਣ ਲਈ ਆਖਰੀ ਮੋਕਾ ਦਿੱਤਾ ਜਾਂਦਾ ਹੈ। ਜੇਕਰ ਉਕਤ ਅਨੁਸਾਰ ਫਿਰ ਵੀ ਅਜਿਹਾ ਕੋਈ ਪੱਦ ਉਨਤ ਅਧਿਆਪਕ ਇਸ ਸਟੇਸ਼ਨ ਅਲਾਟਮੈਂਟ ਸਮੇਂ ਹਾਜਰ ਨਹੀਂ ਹੁੰਦਾ ਤਾਂ ਉਸ ਨੂੰ ਨਿਯਮਾਂ ਅਨੁਸਾਰ ਡੀ-ਬਾਰ ਕਰ ਦਿੱਤਾ ਜਾਵੇਗਾ:-

| ਲੜੀ ਨੰ: | ਵਿਸ਼ਾ | ਮਿਤੀ 24.7.18 ਤੋਂ ਹੁਣ ਤੱਕ ਸਟੇਸ਼ਨ ਨਾ ਅਲਾਟ ਹੋਣ ਵਾਲੇ ਪੱਦ ਉਨਤ ਕਰਮਚਾਰੀਆਂ ਦੀ ਵਿਸ਼ਾ-ਵਾਰ ਗਿਣਤੀ | ਸਮਾਂ | ਸਥਾਨ | ਵਿਸ਼ੇਸ਼ ਕਥਨ |
|---|---|---|---|---|---|
| 1 | ਸ.ਸ. | 24 | ਸਵੇਰੇ 10.00 ਵਜੇ ਤੋਂ 11.00 ਵਜੇ | ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, 3 ਬੀ 1, ਐਸ.ਏ.ਐਸ. ਨਗਰ, ਮੋਹਾਲੀ | |
| 2 | ਹਿੰਦੀ | 04 | ਸਵੇਰੇ 11.00 ਵਜੇ ਤੋਂ 12.00 ਵਜੇ | | |
| 3 | ਹਿਸਾਬ | 13 | | | |
| 4 | ਸਾਇੰਸ | 60 | ਬਾਅਦ ਦੁਪਿਹਰ 12.00 ਵਜੇ ਤੋਂ 2.00 ਵਜੇ | | |
| 5 | ਅੰਗਰੇਜੀ | 105 | ਬਾਅਦ ਦੁਪਿਹਰ 2.00 ਵਜੇ ਤੋਂ 5.00 ਵਜੇ | | |

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਦੇ ਅਧਿਕਾਰਿਤ ਨੁਮਾਇੰਦੇ ਸਟੇਸ਼ਨ ਅਲਾਟਮੈਂਟ ਸਮੇਂ ਸਰਪਲਸ ਜਾਂ ਸਟੇਸਨ ਖਾਲੀ ਨਾ ਹੋਣ ਕਰਕੇ ਹਾਜਰ ਨਾ ਹੋਣ ਵਾਲੇ ਅਧਿਆਪਕਾਂ ਸਬੰਧੀ ਮੁਕੰਮਲ ਸੂਚਨਾ ਨਾਲ ਲੈ ਕੇ ਆਉਣਗੇ।

ਉਕਤ ਪ੍ਰੋਗਰਾਮ ਅਨੁਸਾਰ ਸਟੇਸ਼ਨ ਅਲਾਟ ਕਰਨ ਹਿੱਤ ਅੰਗਹੀਣ, ਵਿਧਵਾ/ਤਲਾਕ ਸ਼ੁਦਾ, ਕੁਆਰੀਆਂ ਲੜਕੀਆਂ, ਕਰੋਨਿਕ ਕੈਂਸਰ ਦੀ ਬਿਮਾਰੀ ਤੋਂ ਪੀੜਤ ਅਤੇ ਮੰਦ-ਬੁੱਧੀ ਬੱਚਿਆਂ ਦੇ ਮਾਪਿਆਂ (ਪੱਦ ਉਨਤ ਕਰਮਚਾਰੀ) ਨੂੰ ਪਹਿਲ ਦਿੱਤੀ ਜਾਵੇਗੀ। ਸਮੂਹ ਪੱਦ ਉਨੱਤ ਕਰਮਚਾਰੀ ਆਪਣਾ ਵਿਭਾਗੀ ਪਹਿਚਾਨ ਪੱਤਰ/ਫੋਟੋ ਪਹਿਚਾਣ ਪੱਤਰ ਨਾਲ ਲੈ ਕੇ ਆਊਣਾ ਯਕੀਨੀ ਬਣਾਉਣਗੇ।

ਮਿਤੀ: 28-08-2018

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:) ਪੰਜਾਬ,
ਐਸ.ਏ.ਐਸ. ਨਗਰ।